D.O:RMSA/PUNJAB/2014/556-577 DATE-06.08.2014

ਜੀ.ਕੇ.ਸਿੰਘ ਆਈ.ਏ.ਐਸ.

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਵਿਸ਼ਾ: ਪੰਜਾਬ ਦੇ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਲਾਨਾ ਸਕੂਲ ਦਿਵਸ/ਸਥਾਪਨਾ ਦਿਵਸ ਮਨਾਉਣ ਸਬੰਧੀ।

1. ਸਕੂਲ ਵਿਦਿਆਰਥੀਆਂ ਨੂੰ ਸਿੱਖਿਆ ਦੇ ਉਦੇਸ਼ ਤੋਂ ਜਾਣੂ ਕਰਵਾਉਣ ਅਤੇ ਸਿੱਖਿਆ ਸੰਸਥਾਵਾਂ ਨਾਲ ਜੋੜਨ ਵਾਸਤੇ ਹਰ ਸਕੂਲ ਵਿੱਚ ਸਲਾਨਾ ਦਿਵਸ ਅਤੇ ਸਕੂਲ ਸਥਾਪਨਾ ਦਿਵਸ ਮਨਾਉਣਾ ਬਹੁਤ ਜ਼ਰੂਰੀ ਹੈ। ਵਿਦਿਆ ਦਾ ਮੰਤਵ ਆਉਣ ਵਾਲੀ ਪੀੜੀ ਨੂੰ ਚੰਗਾ ਨਾਗਰਿਕ, ਸਮਾਜਿਕ ਸਰੋਕਾਰਾਂ ਤੋਂ ਵਾਕਫ ਅਤੇ ਵਿਦਿਆਰਥੀਆਂ ਨੂੰ ਉਹਨਾਂ ਦੇ ਭਾਈਚਾਰੇ ਨਾਲ ਜੋੜਨਾ ਵੀ ਹੈ। ਹਰ ਵਿਦਿਅਕ ਵਰੇ ਦੇ ਅਖੀਰ ਵਿੱਚ ਸਮੂਹ ਵਿਦਿਆਰਥੀਆਂ ਨੂੰ ਇੱਕਠੇ ਕਰਕੇ ਸਲਾਨਾ ਇਨਾਮ ਵੰਡ ਸਮਾਰੋਹ ਰਾਹੀਂ ਬੱਚਿਆਂ ਨੂੰ ਵਿਦਿਆ ਦੇ ਮੰਤਵ ਤੋਂ ਵਾਕਫ ਕਰਵਾਉਣ ਦੇ ਨਾਲ ਨਾਲ ਹੋਰ ਪ੍ਰਾਪਤੀਆਂ ਵਾਸਤੇ ਵੀ ਉਤਸਾਹਿਤ ਕੀਤਾ ਜਾਵੇ।

2. ਸਾਲ 2014-15 ਵਿਦਿਅਕ ਵਰ੍ਹਾ ਆਰੰਭ ਹੋ ਚੁੱਕਾ ਹੈ। ਹਰ ਸਕੂਲ ਮੁੱਖੀ ਸਕੂਲ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦੀ ਇਕੱਤਰਤਾ ਕਰਨ ਅਤੇ ਸਕੂਲ ਸਿੱਖਿਆ ਨਾਲ ਜੁੜੇ ਸਾਰੇ ਪਹਿਲੂਆਂ ਦੀ ਜਾਣਕਾਰੀ ਦੇਣ। ਸਕੂਲ ਮੁੱਖੀ ਮਾਪਿਆਂ ਨੂੰ ਘਰਾਂ ਵਿੱਚ ਵਿਦਿਅਕ ਵਾਤਾਵਰਣ ਪੈਦਾ ਕਰਨ ਲਈ ਵੀ ਅਪੀਲ ਕਰਨ। ਇਸੇ ਇਕਤੱਰਤਾ ਵਿੱਚ ਇਹ ਵੀ ਜ਼ਿਕਰ ਕੀਤਾ ਜਾਵੇ ਕਿ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਸਕੂਲਾਂ ਦੇ ਨਾਲ ਨਾਲ ਉਹਨਾਂ ਦੇ ਘਰਾਂ ਦਾ ਮਾਹੌਲ ਵੀ ਮਹੱਤਵਪੂਰਨ ਹੈ। ਸਮੂਹ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਮੁਸ਼ਕਲਾਂ ਅਤੇ ਵਿਦਿਅਕ ਪ੍ਰਾਪਤੀਆਂ ਵਿੱਚ ਭਾਗੀਦਾਰ ਬਣਨ ਲਈ ਵੀ ਅਪੀਲ ਕੀਤੀ ਜਾਵੇ।

3. ਸਿੱਖਿਆ ਦਾ ਉਦੇਸ਼ ਕੇਵਲ ਆਰਥਿਕ ਵਿਅਕਤੀ (economic man) ਪੈਦਾ ਕਰਨਾ ਨਹੀ ਹੈ ਸਗੋਂ ਸਪੂਰੰਨ ਮਨੁੱਖ (complete man) ਬਣਾਉਣਾ ਹੈ। ਵਿਦਿਆਰਥੀਆਂ ਨੂੰ ਸਮਾਜਿਕ ਸਰੋਕਾਰਾਂ, ਮਨੁੱਖਤਾ ਦੀਆਂ ਤਕਲੀਫਾਂ ਅਤੇ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਤੋਂ ਵਾਕਫ ਕਰਵਾਉਣਾ ਹੈ। ਹਰ ਸਕੂਲ ਵਿੱਚ ਪ੍ਰਿੰਸੀਪਲ/ਮੁੱਖੀ ਵੱਲੋਂ ਹਰ ਮਹੀਨੇ ਦੇ ਆਖਰੀ ਸ਼ਨੀਵਾਰ ਇਲਾਕੇ ਦੇ ਪੰਤਵੰਤੇ ਸੱਜਣਾਂ, ਪੰਚਾਇਤ ਮੈਂਬਰਾਂ, ਸਕੂਲ ਐਸ.ਐਮ.ਸੀ ਮੈਂਬਰਾਂ ਅਤੇ ਸਿੱਖਿਆ ਨਾਲ ਨੇੜਿਓਂ ਜੁੜੇ ਹੋਏ ਮਹੱਤਵਪੂਰਨ ਵਿਅਕਤੀਆਂ ਨੂੰ ਬੁਲਾਕੇ ਮੀਟਿੰਗ ਕੀਤੀ



ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ), ਪੰਜਵੀਂ ਮੰਜ਼ਿਲ, ਬਲਾਕ-ਈ, ਫੇਜ਼ 8,
ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਪੰਜਾਬ - 160062
ਫੋਨ ਨੰ: 0172-5212313, 5212359, ਫੈਕਸ: 0172-5212369, 5212370
Email: dgsepunjab18@gmail.com website : ssapunjab.org

ਜਾਵੇ। ਇਸ ਸਭਾ ਵਿੱਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਅਤੇ ਸਕੂਲ ਪ੍ਰਬੰਧ ਵਿੱਚ ਪੇਸ਼ ਆਉਂਦੀਆਂ ਔਕੜਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਜਾਵੇ। ਇਸ ਮੀਟਿੰਗ ਦੌਰਾਨ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਚੰਗੀ ਸਿਹਤ ਅਤੇ ਨੈਤਿਕ ਕਦਰਾਂ ਕੀਮਤਾਂ ਵੱਲ ਧਿਆਨ ਦੇਣ ਲਈ ਵੀ ਜਾਗ੍ਰਰਕ ਕੀਤਾ ਜਾਵੇ।

4. ਹਾਂ, ਸਭ ਤੋਂ ਮਹੱਤਵਪੂਰਨ ਗੱਲ ਹਰ ਸਕੂਲ ਵਿੱਚ ਸਵੇਰੇ ਪ੍ਰਾਰਥਨਾ ਸਭਾ ਕਰਨ ਦੀ ਹੈ। ਸਾਰੇ ਸਕੂਲ ਮੁੱਖੀ ਇਹ ਯਕੀਨੀ ਬਣਾਉਣ ਕਿ ਸਮੂਹ ਵਿਦਿਆਰਥੀਆਂ ਨੂੰ ਸਵੇਰੇ ਪ੍ਰਾਰਥਨਾ ਸਭਾ ਵਿੱਚ ਸ਼ਾਮਲ ਕੀਤਾ ਜਾਵੇ ਅਤੇ ਦੇਸ਼/ਵਿਦੇਸ਼ ਦੀਆਂ ਮੁੱਖ ਘਟਨਾਵਾਂ ਤੋਂ ਵਾਕਫ ਵੀ ਕਰਵਾਇਆ ਜਾਵੇ। ਇਸ ਸਭਾ ਵਿੱਚ ਵੀ ਨੈਤਿਕ ਕਦਰਾਂ ਕੀਮਤਾਂ ਬਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਲੋਂ ਵਿਚਾਰ ਵਟਾਂਦਰਾ ਕੀਤਾ ਜਾਵੇ।

5. ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲ ਮੁੱਖੀਆਂ ਨਾਲ ਬੈਠਕ ਦੌਰਾਨ ਸਿੱਖਿਆ ਨਾਲ ਜੁੜੇ ਇਨਾਂ ਸਾਰੇ ਮਸਲਿਆਂ ਬਾਰੇ ਵਿਚਾਰ ਕੀਤਾ ਜਾਵੇ ਅਤੇ ਯਕੀਨੀ ਬਣਾਇਆ ਜਾਵੇ ਕਿ ਸਕੂਲ ਸਿੱਖਿਆਂ ਦੇ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਦੇ ਨਾਲ ਨਾਲ ਅਸੀਂ ਸਿੱਖਿਆ ਦੇ ਅਸਲ ਮੰਤਵ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਾ ਸਕੀਏ। ਇਸ ਸਬੰਧੀ ਕੀਤੀ ਕਾਰਵਾਈ ਤੋਂ ਇਸ ਦਫਤਰ ਨੂੰ ਲਿਖਤੀ ਸੂਚਿਤ ਕਰਾਇਆ ਜਾਵੇ।

ਸ਼ੁਭ ਇਛਾਵਾਂ ਸਹਿਤ

ਹਿਤੂ

(ਜੀ.ਕੇ.ਸਿੰਘ)
2/2

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਪੰਜਾਬ।